National Research Journal of Social Sciences
Volume-11, Issue-1, January-June 2026
PP: 92-95
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਹਿੰਦ ਦੀ ਚਾਦਰ: ਸ੍ਰੀ ਗੁਰੂ ਤੇਗ ਬਹਾਦਰ ਜੀ

**ਸਿਮਰਜੀਤ ਕੌਰ**

ਪੰਜਾਬੀ ਵਿਭਾਗ, ਪੀਸੀਐਮ.ਐਸ.ਡੀ ਕਾਲਜ ਫ਼ਾਰ ਵੂਮੈਨ ਜਲੰਧਰ

**ਸਾਰ ਅੰਸ਼:**

'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ਼ ਬਹਾਦਰ ਜੀ ਧਾਰਮਿਕ ਅਜ਼ਾਦੀ,ਮਨੁੱਖੀ ਬਰਾਬਰਤਾ, ਅਤੇ ਅਧਿਕਾਰਾਂ ਲਈ ਆਪਾ ਕੁਰਬਾਨ ਕਰਨ ਵਾਲੀ ਉਹ ਸ਼ਖਸੀਅਤ ਸੀ ਜੋ ਪਾਕੀਜ਼ਗੀ, ਸਹਿਣਸ਼ੀਲਤਾ, ਸੰਜੀਦਗੀ, ਦੀਨ- ਦਿਆਲਤਾ, ਪਰਉਪਕਾਰਤਾ ਅਤੇ ਸਾਧੂ ਬਿਰਤੀ ਨਾਲ ਭਰਪੂਰ ਸੀ।ਮਨੁੱਖ ਦਾ ਵਿਅਕਤੀਗਤ ਅਤੇ ਸਮਾਜਿਕ ਕਲਿਆਣ ਉਹਨਾਂ ਦੇ ਜੀਵਨ ਦਾ ਮੁੱਖ ਉਦੇਸ਼ ਸੀ।ਇਸ ਦੀ ਸਫ਼ਲਤਾ ਅਤੇ ਸਾਰਥਕ ਉਦੇਸ਼ ਲਈ ਗੁਰੂ ਜੀ ਨੇ ਸਾਰੇ ਢੰਗ ਤਰੀਕੇ ਵਰਤੇ।ਉਹਨਾਂ ਨੇ ਭਾਰਤ ਦੇ ਬਹੁਤ ਸਾਰੇ ਖੇਤਰਾਂ ਵਿੱਚ ਪ੍ਰਚਾਰ ਯਾਤਰਾਵਾਂ ਕੀਤੀਆਂ।ਉਸ ਸਮੇਂ ਮਨੁੱਖਤਾ ਦਾ ਕੋਈ ਅਣਖ ਤੇ ਮਾਣਮੱਤਾ ਜੀਵਨ ਨਹੀਂ ਸੀ। ਗਰੀਬੀ, ਅਣਪੜ੍ਹਤਾ, ਅਗਿਆਨਤਾ ਅਤੇ ਤਸ਼ਦੱਦ ਮਾਰੇ ਲੋਕ ਦੁਵਿਧਾ ਅਤੇ ਭੈਅ ਵਿੱਚ ਜੀਵਨ ਗੁਜਰ ਕਰ ਰਹੇ ਸਨ। ਗੁਰੂ ਜੀ ਨੇ ਲੋਕਾਂ ਨੂੰ ਤਤਕਾਲੀ ਹਲਾਤਾਂ ਪ੍ਰਤੀ ਚੇਤੰਨ ਕੀਤਾ, ਨਾਮ ਸਿਮਰਨ ਅਤੇ ਨਿਡਰਤਾ ਦਾ ਉਪਦੇਸ਼ ਦਿੱਤਾ।" ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ" ਕਹਿ ਕੇ ਆਦਰਸ਼ਕ ਜੀਵਨ ਜੁਗਤ ਸਮਝਾਈ।ਲੋਕ ਪੀੜਤ ਮਸਲੇ ਸੁਣੇ ਅਤੇ ਹੱਲ ਕੀਤੇ।ਲੋਕਾਂ ਨਾਲ ਲਗਾਤਾਰ ਵਧਦੇ ਰਸੂਖ ਕਾਰਨ ਉਹਨਾਂ ਨੂੰ ਹਕੂਮਤ ਦੇ ਕਰੜੇ ਸਲੂਕ ਸਹਿਣੇ ਪਏ।ਲੋਕਾਂ ਨਾਲ ਕੀਤੇ ਵਿਸ਼ਵਾਸ ਦੇ ਸੰਕਲਪ ਅਧੀਨ ਸਰੀਰ ਰੂਪੀ ਚਾਦਰ ਨਾਲ ਮਨੁੱਖਤਾ ਦੀਆਂ ਤਕਲੀਫਾਂ ਨੂੰ ਢੱਕ ਲਿਆ।ਇਸੇ ਲਈ ਆਪ ਨੂੰ 'ਹਿੰਦ ਦੀ ਚਾਦਰ' ਕਹਿ ਕੇ ਸਤਿਕਾਰਿਆ ਜਾਂਦਾ ਹੈ।ਇਸ ਅਨੁੱਠੀ ਅਤੇ ਪਰਉਪਕਾਰੀ ਸ਼ਹਾਦਤ ਨੂੰ ਅੱਜ ਸਾਰੀ ਇਨਸਾਨੀਅਤ ਨਤਮਸਤਕ ਹੋ ਰਹੀ ਹੈ।ਪਰ ਨਿਰਾਸ਼ਾਜਨਕ ਗੱਲ ਇਹ ਹੈ ਕਿ ਵਰਤਮਾਨ ਸਮਾਜਕ, ਧਾਰਮਿਕ ਵਰਤਾਰਾ ਗੁਰੂ ਸਾਹਿਬਾਨ ਵਲੋਂ ਕੀਤੇ ਪਰਉਪਕਾਰਾਂ ਅਤੇ ਸਿੱਖਿਆਵਾਂ ਦੇ ਅਸਰ ਤੋਂ ਦੂਰ ਵਿਚਰ ਰਿਹਾ ਹੈ।ਧਾਰਮਿਕ ਕੱਟੜਤਾ ਵਿਸ਼ੇਸ਼ ਉੱਦਮਾਂ ਨਾਲ ਪੁਨਰਸੁਰਜੀਤ ਹੋਈ ਹੈ।ਇਸ ਕੱਟੜਤਾ ਨੂੰ ਮੱਧਮ ਪਾਉਣ ਲਈ ਗੁਰੂ ਜੀ ਦੀ ਵਿਚਾਰਧਾਰਾ ਉਤੇ ਵਿਚਾਰ ਚਰਚਾ ਅਜੋਕੇ ਸਮੇਂ ਦੀ ਵਿਸ਼ੇਸ਼ ਮੰਗ ਹੈ।

**ਕੁੰਜੀਵਤ ਸ਼ਬਦ:** ਗੁਰੂ ਤੇਗ ਬਹਾਦਰ ਜੀ, ਧਰਮ, ਮਨੁੱਖਤਾ, ਔਰੰਗਜੇਬ, ਹਕੂਮਤ

ਧਾਰਮਿਕ ਸੁਤੰਤਰਾ ਅਤੇ ਮਨੁੱਖੀ ਬਰਾਬਰੀ ਲਈ ਆਪਾ ਕੁਰਬਾਨ ਕਰਨ ਵਾਲੀ ਸ਼ਖ਼ਸੀਅਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਵਿਸਾਖ ਵਦੀ 5, 1678 ਬਿ: ਮੁਤਾਬਕ ਅਪ੍ਰੈਲ 1, 1621 ਈ. ਨੂੰ ਅੰਮ੍ਰਿਤਸਰ ਵਿਖੇ 'ਗੁਰੂ ਕੇ ਮਹਿਲਾਂ' ਵਿੱਚ ਛੇਵੇਂ ਗੁਰੂ ਪਿਤਾ ਹਰਿਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਜੀ ਦੇ ਘਰ ਹੋਇਆ।ਉਸ ਵੇਲੇ ਵੱਡੇ ਘਰਾਂ ਦੇ ਧੀਆਂ ਪੁੱਤਰ ਦੇ ਵਿਆਹ ਛੋਟੀ ਉਮਰ ਵਿੱਚ ਕਰ ਦਿੱਤਾ ਜਾਂਦਾ ਸੀ ਅਤੇ ਕਨਿੰਆ ਨੂੰ ਛੋਟੀ ਉਮਰੇ ਵਿਆਹੁਣਾ ਫਲ ਮੰਨਿਆ ਜਾਂਦਾ ਸੀ।ਬਿਕਰਮ ਸਿੰਘ ਘੁੰਮਣ ਅਨੁਸਾਰ;

"ਇਸ ਰਿਵਾਜ ਅਨੁਸਾਰ ਆਪ ਦਾ ਵਿਆਹ ਗਿਆਰਾਂ ਬਾਰਾਂ ਸਾਲ ਦੀ ਛੋਟੀ ਉਮਰ ਵਿੱਚ ਹੀ ਕਰਤਾਰਪੁਰ ਨਿਵਾਸੀ ਭਾਈ ਲਾਲ ਚੰਦ ਖੱਤਰੀ ਅਤੇ ਉਹਨਾਂ ਦੀ ਪਤਨੀ ਬਿਸ਼ਨ ਕੌਰ ਦੀ ਸਪੁੱਤਰੀ (ਮਾਤਾ) ਗੁਜਰੀ ਜੀ ਨਾਲ ਹੋਇਆ। ਆਪ ਜੀ ਘਰ ਆਪ ਦੇ ਇਕਲੌਤੇ ਸਾਹਿਬਜ਼ਾਦੇ ਗੁਰੂ ਗੋਬਿੰਦ ਸਿੰਘ ਦਾ ਜਨਮ ਆਪ ਦੇ ਵਿਆਹ ਤੋਂ 34 ਸਾਲ ਬਾਅਦ 22 ਦਸੰਬਰ,1666 ਵਿੱਚ ਪਟਨਾ ਸਾਹਿਬ ਵਿਖੇ ਹੋਇਆ। "1

ਗੁਰੂ ਜੀ ਬਚਪਨ ਤੋਂ ਹੀ ਸ਼ਾਂਤ ਸੁਭਾਅ, ਸਾਧੂ ਬਿਰਤੀ, ਸੁਝਵਾਨ, ਜਿਗਰੇ ਵਾਲੇ,

ਤਿਆਗੀ ਅਤੇ ਉਪਕਾਰੀ ਸਨ।ਆਪ ਸੰਸਾਰਕ ਪਦਾਰਥਾਂ ਦੀ ਲਾਲਸਾ ਤੋਂ ਨਿਰਲੇਪ ਸਨ ਅਤੇ ਆਪਣਾ ਵਧੇਰੇ ਸਮਾਂ ਈਸ਼ਵਰ ਭਗਤੀ ਵਿੱਚ ਬਤੀਤ ਕਰਦੇ।ਸ੍ਰੀ ਤੇਗ ਬਹਾਦਰ ਆਪਣੇ ਹਮਜੋਲੀਆਂ ਨਾਲ ਸਾਂਝ ਪਿਆਰ ਰਖਦੇ ਸਨ। ਜਿੱਥੇ ਆਪ ਸੁਲੱਹਕੁਲ ਸਨ ਉਥੇ ਆਪ ਦ੍ਰਿੜ ਇਰਾਦੇ ਵਾਲੇ, ਦਲੇਰ ਤੇ ਨਿਰਭੈ ਵੀ ਸਨ।ਉਹਨਾਂ ਨੂੰ ਗੁਰਮਤਿ ਗਿਆਨ ਅਤੇ ਜੰਗੀ ਪੈਂਤੜੇ ਗੁਰੂ ਪਿਤਾ ਵਲੋਂ ਬਖ਼ਸ਼ੇ ਸੰਤ- ਸਿਪਾਹੀ ਦੇ ਸੰਕਲਪ ਅਧੀਨ ਪ੍ਰਾਪਤ ਹੋ ਚੁੱਕੇ ਸਨ। ਦੀਵਾਨ ਸਿੰਘ ਅਨੁਸਾਰ

"1635 ਈ ਵਿੱਚ ਕਰਤਾਰਪੁਰ ਦੀ ਲੜਾਈ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਉਹਨਾਂ ਦਾ ਜ਼ਿਆਦਾ ਸਮਾਂ ਸਿੱਖ ਧਰਮ ਸ਼ਾਸਤਰ, ਰਾਗ, ਘੋੜਸਵਾਰੀ ਅਤੇ ਸ਼ਸਤਰ ਵਿਦਿਆ ਸਿੱਖਣ ਵਿੱਚ ਲੱਗਾ। "2

ਇਸ ਸੰਕਲਪ ਸਦਕਾ ਹੀ ਉਹਨਾਂ ਸ੍ਰੀ ਕਰਤਾਰਪੁਰ ਸਾਹਿਬ ਦੀ ਜੰਗ ਸਮੇਂ ਸੰਤ (ਤਿਆਗ ਮੱਲ) ਤੋਂ ਸਿਪਾਹੀ (ਤੇਗ਼ ਬਹਾਦਰ) ਤੱਕ ਦਾ ਸਫ਼ਰ ਤੈਅ ਕੀਤਾ। ਦੁਸ਼ਮਣਾਂ ਨੂੰ ਮਾਤ ਪਾਉਣ ਉਪਰੰਤ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਸੰਨ 1635 ਨੂੰ ਜੇਠ ਮਹੀਨੇ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਗਏ।ਗੁਰੂ ਤੇਗ ਬਹਾਦਰ ਜੀ ਉਹਨਾਂ ਦੇ ਨਾਲ ਸਨ।ਇਥੇ ਲਗਭਗ ਇਕ ਦਹਾਕੇ ਦੇ ਜੀਵਨ ਵਿੱਚ ਗੁਰੂ ਪਾਤਸ਼ਾਹ ਉੱਤੇ ਗੁਰ-ਮਰਿਆਦਾ ਦਾ ਪੂਰਾ ਪ੍ਰਭਾਵ ਪੈ ਚੁੱਕਾ ਸੀ। ਉਹ ਗਰੀਬਾਂ ਦੀ ਮਦਦ ਲਈ ਯਤਨਸ਼ੀਲ਼ ਰਹਿੰਦੇ।ਗੁਰੂ ਜੀ ਦਾ ਨਿਮਾਨਿਆਂ ਪ੍ਰਤੀ ਹਮਦਰਦੀ ਸਹਿਤ ਮਦਦਗਾਰ ਰਹਿਣਾ ਪ੍ਰਸੰਨ ਚਿੱਤ ਕਰਦਾ ਅਤੇ ਉਹ ਅਨੁਭਵ ਕਰਦੇ ਕਿ ਗੁਰੂ ਪਾਤਸ਼ਾਹ ਨਾਨਕ ਗੱਦੀ (ਗੁਰਿਆਈ) ਨੂੰ ਜ਼ਿੰਮੇਵਾਰੀ ਨਾਲ ਸੰਭਾਲਣ ਯੋਗ ਹਨ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸੰਨ 1644 ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਨੇ ਮਾਤਾ ਨਾਨਕੀ ਅਤੇ ਗੁਰੂ ਜੀ ਨੂੰ ਬਕਾਲੇ ਨਗਰ ਭੇਜ ਦਿੱਤਾ।ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਨਕਾ ਪਿੰਡ ਸੀ।ਗੁਰੂ ਜੀ ਦੀ ਬਿਰਤੀ ਸੰਸਾਰਿਕਤਾ ਨਾਲੋਂ ਅਧਿਆਤਮਕਤਾ ਵੱਲ ਵਧੇਰੇ ਰੁਚਿਤ ਸੀ।ਸੇਵਾ, ਸਿਮਰਨ ਅਤੇ ਪਰਿਵਾਰਕ ਜਿੰਮੇਵਾਰੀ ਜੀਵਨ ਵਿੱਚ ਇਕੱਠੇ ਕਾਰਜਸ਼ੀਲ ਰਹੇ।ਇਥੇ ਮਾਨਵਤਾ ਅਤੇ ਧਰਮ ਦੀ ਸੇਵਾ ਕਰਦਿਆਂ ਗੁਰ ਸਿੱਖਾਂ ਨੂੰ ਸਿੱਖਿਆ ਦਿੱਤੀ ਕਿ ਦੁਨੀਆਂ ਦੀ ਅਸਲੀਅਤ ਦੁੱਖਾਂ ਵਿੱਚ ਜਲਦੀ ਸਮਝ ਆਉਂਦੀ ਹੈ।ਸਾਨੂੰ ਦੁੱਖਾਂ ਨੂੰ ਉਸਦੀ ਦਾਤ ਸਮਝਣਾ ਚਾਹੀਦਾ ਹੈ।ਉਹਨਾਂ ਨੇ ਭਗਤੀ ਬਾਰੇ ਦ੍ਰਿੜ ਵਿਚਾਰ ਦਰਸਾਏ ਕਿ ਉਸ ਵਲੋਂ ਚਿੱਤ ਹਟਾਉਣਾ,ਜੋ ਅਕਾਲ ਪੁਰਖ ਵਲੋਂ ਚਿੱਤ ਹਟਾਏ। ਦੂਜਾ ਪੜਾਅ ਉਠਦਿਆਂ-ਬੈਠਦਿਆਂ ਉਸ ਵਾਹਿਗੁਰੂ ਦੀ ਯਾਦ ਨੂੰ ਆਪਣੇ ਹਿਰਦੇ ਦਾ ਸ਼ਿਗਾਰ ਬਣਾਕੇ ਰੱਖਣਾ ਹੁੰਦਾ ਹੈ।ਧਰਮ ਸਿੰਘ ਅਨੁਸਾਰ;

"ਇਧਰ ਗੁਰੂ ਘਰ ਵਿੱਚ ਛੇਤੀ ਨਾਲ ਕੁਝ ਤਬਦੀਲੀਆਂ ਆਈਆਂ ਜਿਵੇਂ ਕਿ (ਗੁਰੂ) ਤੇਗ ਬਹਾਦਰ ਨੂੰ ਛੱਡ ਕੇ ਉਹਨਾਂ ਦੇ ਭਤੀਜੇ ਹਰਿ ਰਾਇ ਨੂੰ ਗੁਰਗੱਦੀ ਤੇ ਬਿਠਾਇਆ ਗਿਆ ਤੇ ਉਸ ਤੋਂ ਪਿਛੋਂ ਉਹਨਾਂ ਦੇ ਪੋਤਰੇ ਹਰਿ ਕ੍ਰਿਸ਼ਨ ਨੂੰ ਗੁਰਗੱਦੀ ਦਿੱਤੀ ਗਈ" 3

ਗੁਰੂ ਤੇਗ਼ ਬਹਾਦਰ ਜੀ ਬਕਾਲਾ ਨਗਰ ਤੋਂ ਆਪਣੇ ਸਾਲਾ ਭਾਈ ਕ੍ਰਿਪਾਲ ਚੰਦ ਨੂੰ ਮਿਲਣ ਲਈ ਕੀਰਤਪੁਰ ਜਾਂਦੇ ਤਾਂ ਉਹ ਸੱਤਵੇਂ ਗੁਰੂ ਸ੍ਰੀ ਹਰਿਰਾਇ ਸਾਹਿਬ ਦੇ ਦਰਸ਼ਨ ਜ਼ਰੂਰ ਕਰਦੇ। ਗੁਰੂ ਘਰ ਪ੍ਰਤੀ ਸਮਰਪਿਤ ਭਾਵਨਾ ਦੇਖ ਕੇ ਸ੍ਰੀ ਗੁਰੂ ਹਰਿਰਾਇ ਜੀ ਨੇ ਗੁਰੂ ਜੀ ਨੂੰ 1656 ਈ:ਵਿੱਚ ਮਾਲਵਾ, ਹਰਿਆਣਾ,ਉੱਤਰ ਪ੍ਰਦੇਸ਼ ਅਤੇ ਬਿਹਾਰ ਆਦਿ ਪੂਰਬੀ ਪ੍ਰਾਤਾਂ ਵਿੱਚ ਗੁਰ ਸਿੱਖੀ ਦੇ ਪ੍ਰਚਾਰ ਲਈ ਜਿੰਮਾ ਸੌਂਪ ਦਿੱਤਾ। ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਉਹਨਾਂ ਆਪਣੇ ਨਜ਼ਦੀਕੀਆਂ ਦਾ ਇਕ ਪ੍ਰਚਾਰਕ ਜਥਾ ਤਿਆਰ ਕੀਤਾ ਅਤੇ ਬਾਬਕਿਆਂ ਵਲੋਂ ਦਿੱਤੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਲਗਨ ਅਤੇ ਮਿਹਨਤ ਨਾਲ ਪ੍ਰਚਾਰਿਆ।

30 ਮਾਰਚ,1664 ਈ. ਨੂੰ ਗੁਰੂ ਹਰਿ ਕ੍ਰਿਸ਼ਨ ਜੀ ਪ੍ਰਲੋਕ ਗਮਨ ਕਰ ਗਏ ਤੇ ਆਪਣੇ ਅਗਲੇ ਜਾਨਸ਼ੀਨ ਬਾਰੇ "ਬਾਬਾ ਬਕਾਲਾ" ਸ਼ਬਦ ਉਚਾਰ ਕੇ ਸੰਕੇਤ ਕਰ ਗਏ।ਇਸ ਸਮੇਂ ਮੁਗਲ ਹਕੂਮਤ ਵਲੋਂ ਸਿੱਖਾਂ ਦੀ ਸ਼ਕਤੀ ਨੂੰ ਖੰਡਿਤ ਕਰਨ ਲਈ ਕਈ ਚਾਲਾਂ ਚਲੀਆਂ ਗਈਆਂ।ਰਾਮਰਾਇ ਨੂੰ ਗੁਰੂ ਹਰਿਰਾਇ ਨਾਲੋਂ ਤੋੜਿਆ ਗਿਆ ਅਤੇ ਲਾਲਚ ਲਈ ਜਗੀਰ ਦਿੱਤੀ ਗਈ।ਹਕੂਮਤ ਨਾਲ ਰਲ ਗਏ ਵਿਰੋਧੀਆਂ ਦੀਆਂ ਚਾਲਾਂ ਸਿੱਖਾਂ ਨੂੰ ਕਮਜ਼ੋਰ ਨਾ ਕਰ ਸਕੀਆਂ।ਜਿਨ੍ਹਾਂ ਨੂੰ ਇਸ ਨਾਕਾਮੀ ਦਾ ਅੱਜ ਤੱਕ ਪਛਤਾਵਾ ਸੀ।ਗੱਦੀ ਪ੍ਰਾਪਤ ਕਰਨ ਲਈ ਉਹਨਾਂ ਨੇ ਇਸ ਸਮੇਂ ਦਾ ਲਾਭ ਲੈਣਾ ਗਨੀਮਤ ਸਮਝਿਆ।ਧਰਮ ਸਿੰਘ ਅਨੁਸਾਰ;

"ਉਹਨਾਂ ਗੁਰਗੱਦੀ ਲਈ ਕਈ ਦਾਅਵੇਦਾਰ ਖੜੇ ਕਰ ਦਿੱਤੇ ਜਿਨ੍ਹਾਂ ਵਿੱਚ ਲਾਹੌਰ ਤੇ ਆਨੰਦਪੁਰ ਦੇ ਸੋਢੀ,ਅੰਮ੍ਰਿਤਸਰ ਦੇ ਮੀਣੇ ਤੇ ਧੀਰ ਮੱਲੀਏ ਅਦਿ ਉਲੇਖਯੋਗ ਹਨ।ਇਹਨਾਂ ਸਾਰਿਆਂ ਦੀ ਗਿਣਤੀ 22 ਦੱਸੀ ਗਈ।"4

ਇਹਨਾਂ ਸਾਰੇ ਭੇਖਧਾਰੀਆਂ ਅਤੇ ਪਖੰਡੀਆਂ ਨੇ ਆਪਣੀਆਂ ਗੱਦੀਆਂ ਬਾਬੇ ਬਕਾਲੇ ਵਿਖੇ ਲਗਾ ਲਈਆਂ ਅਤੇ ਬਾਬੇ ਨਾਨਕ ਦੇ ਘਰ ਗੁਰੂ ਹੋਣ ਦੀ ਪੁਸ਼ਟੀ ਕਰਨ ਲੱਗੇ।ਸ੍ਰੀ ਹਰਿ ਕ੍ਰਿਸ਼ਨ ਦਾ ਚਾਚਾ ਇਸ ਫਕਵੰਜ ਵਿੱਚ ਸਭ ਤੋਂ ਅੱਗੇ ਸੀ।ਸਿੱਖ ਸੰਗਤ ਲਈ ਇਹ ਸਮਾਂ ਇਮਤਿਹਾਨ, ਸਿਦਕਦਿਲੀ ਅਤੇ ਬਹੁਤ ਸਮਝਦਾਰੀ ਤੋਂ ਕੰਮ ਲੈਣ ਦਾ ਸੀ। ਇਸਦਾ ਸਬੂਤ ਇਕ ਧਨੀ ਵਪਾਰੀ ਸਿੱਖ ਮੱਖਣ ਸ਼ਾਹ ਲੁਬਾਣਾ ਵਲੋਂ ਦਿੱਤਾ ਗਿਆ।ਬਾਬਾ ਬਕਾਲਾ ਵਿਖੇ ਮੱਖਣ ਸ਼ਾਹ ਲੁਬਾਣਾ ਨੇ ਦੇਖਿਆ ਕਿ ਬਹੁਗਿਣਤੀ ਵਿੱਚ ਪਖੰਡੀ ਸਿੱਖ ਆਪੇ ਨੂੰ ਗੱਦੀਨਸ਼ੀਨ ਦੱਸ ਰਹੇ ਸਨ।ਇਸ ਪਖੰਡ ਨਾਲ ਨਿਪਟਣ ਲਈ ਉਸ ਨੇ ਸਭ ਨੂੰ ਦੋ-ਦੋ ਮੋਹਰਾਂ ਭੇਟਾ ਕੀਤੀਆਂ। ਮੋਹਰਾਂ ਦੇਖ ਕੇ ਸਭ ਪ੍ਰਸੰਨ ਸਨ ਪਰ ਅਸਲ ਦਸਵੰਦ ਦੀ ਮੰਗ ਕਿਸੇ ਨੇ ਨਹੀਂ ਕੀਤੀ।ਇਸ ਦ੍ਰਿਸ਼ ਤੋਂ ਨਿਰਾਸ਼ ਭਾਈ ਮੱਖਣ ਸ਼ਾਹ ਲੁਬਾਣਾ ਨੂੰ ਕਿਸੇ ਨੇ ਗੁਰੂ ਤੇਗ਼ ਬਹਾਦਰ ਦੀ ਦਸ ਪਾਈ। ਉਹਨਾਂ ਦੇ ਟਿਕਾਣੇ ਤੇ ਪਹੁੰਚ ਕੇ ਭਗਤੀ ਵਿੱਚ ਲੀਨ ਗੁਰੂ ਜੀ ਅੱਗੇ ਦੋ ਮੋਹਰਾਂ ਭੇਟਾਂ ਕੀਤੀਆਂ ਅਤੇ ਸੀਸ ਨਿਵਾਇਆ।ਗੁਰੂ ਜੀ ਨੇ ਪ੍ਰਤੀਕਰਮ ਵਿੱਚ ਕਿਹਾ ਗੁਰੂ ਘਰ ਵਿੱਚ ਮਾਇਆ ਦਾ ਕੋਈ ਲਾਲਚ ਨਹੀਂ ਹੈ ਪਰ ਬਾਕੀ ਦਾ ਦਸਵੰਦ ਕਿਥੇ ਹੈ? ਇਹ ਬਚਨ ਸੁਣ ਕੇ ਭਾਈ ਮੱਖਣ ਸ਼ਾਹ ਲੁਬਾਣਾ ਨੇ ਖੁਸ਼ੀ ਵਿੱਚ 'ਗੁਰੂ ਲਾਧੋ ਰੇ' ਦਾ ਹੋਕਾ ਦਿੱਤਾ। ਸੂਰਜ ਪ੍ਰਕਾਸ਼ ਦਾ ਲੇਖਕ ਇੰਜ ਲਿਖਦਾ ਹੈ ਕਿ; "ਭੁਲੀਏ ਸੰਗਤਿ। ਸੁਨਹੁ ਸੁ ਕਾਨ। ਸਤਿਗੁਰੁ ਲਧਾ ਮਰਦ ਮਹਾਨ।"5

ਔਰੰਗਜੇਬ ਦੀ ਹਕੂਮਤ ਦੌਰਾਨ ਇਸਲਾਮ ਧਰਮ ਦੇ ਵਿਸਥਾਰ ਦਾ ਦਬਾਅ ਹਰ ਕੌਮ ਉੱਤੇ ਸੀ।ਇਸ ਚੁਣੌਤੀ ਭਰਪੂਰ ਸਮੇਂ ਵਿੱਚ ਗੁਰਗੱਦੀ ਸਵਿਕਾਰ ਕਰਨ ਬਾਰੇ ਡਾ, ਜੇ ਐਸ ਗਰੇਵਾਲ ਨੇ ਲਿਖਿਆ ਹੈ:

"1664 ਈ. ਵਿੱਚ ਗੁਰੂ ਹਰਿ ਕਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਸਿੱਖਾਂ ਦੀ ਗੁਰਿਆਈ ਸਵੀਕਾਰ ਕਰਨੀ ਔਰੰਗਜੇਬ ਦੀ ਇੱਛਾ ਦੇ ਖਿਲਾਫ ਜਾਣ ਵਾਲੀ ਗੱਲ ਸੀ।ਗੁਰੂ ਤੇਗ ਬਹਾਦਰ ਜੀ ਇਸ ਗੱਲ ਤੋਂ ਪੂਰੀ ਤਰ੍ਹਾਂ ਸੁਚੇਤ ਸਨ ।ਇਸ ਲਈ ਉਹਨਾਂ ਦੀ ਗੁਰਿਆਈ ਦਾ ਪਦ ਧਾਰਨ ਕਰਨਾ ਵੱਡੇ ਹੌਸਲੇ ਵਾਲਾ ਕੰਮ ਸੀ।ਨਿਰਸੰਦੇਹ ਔਰੰਗਜੇਬ ਦੀ ਨਾਰਾਜ਼ਗੀ ਮੁੱਲ ਲੈਣਾ ਸੀ।"6

ਗੁਰੂ ਤੇਗ ਬਹਾਦਰ ਜੀ ਨੇ ਗੁਰੂ ਕਿਆਂ ਵਲੋਂ ਨਵੇਂ ਨਗਰ ਵਸਾਉਣ ਦੀ ਪ੍ਰਥਾ ਨੂੰ ਜਾਰੀ ਰੱਖਦਿਆਂ ਸੰਨ 1665 ਦੇ ਜੂਨ ਮਹੀਨੇ ਵਿੱਚ ਚੱਕ ਨਾਨਕੀ ਨਗਰ ਦੀ ਨੀਂਹ ਬਾਬਾ ਬੁੱਢਾ ਜੀ ਦੀ ਅੰਸ਼ ਬਾਬਾ ਗੁਰਦਿੱਤਾ ਸਿੰਘ ਜੀ ਤੋਂ ਰੱਖਵਾਈ।ਪਹਿਲਾਂ ਇਸ ਦਾ ਨਾਮ ਮਾਖੋਵਾਲ ਸੀ ਜੋ ਕਿ ਇਕ ਮਾਖੇ ਨਾਮ ਦੇ ਦੈਂਤ ਕਾਰਨ ਪਿਆ ਸੀ। ਗੁਰੂ ਜੀ ਦੇ ਉਪਰਾਲਿਆਂ ਨਾਲ ਇਹ ਸਥਾਨ ਧਾਰਮਿਕ ਗਤੀਵਿਧੀਆਂ ਦਾ ਗੜ੍ਹ ਬਣ ਗਿਆ।ਇਲਾਹੀ ਬਾਣੀ ਦਾ ਨਿਰੰਤਰ ਜਾਪ ਹੋਣ ਸਦਕਾ ਇਹ ਸਥਾਨ ਪੂਰੀ ਬਣ ਗਿਆ ਜਿਸਨੂੰ ਅੱਜ ਅਨੰਦਪੁਰ ਸਾਹਿਬ ਕਹਿ ਕੇ ਸਤਿਕਾਰ ਦਿੱਤਾ ਜਾਂਦਾ ਹੈ।

1666 ਈ ਤੋਂ 1670 ਈ ਤੱਕ ਗੁਰੂ ਸਾਹਿਬ ਪੰਜਾਬ ਤੋਂ ਬਾਹਰ ਸਨ ਅਤੇ ਪ੍ਰਯਾਗ, ਬਨਾਰਸ, ਬੁੱਧ ਗਯਾ, ਪਟਨਾ ਮੌਂਘਰੇ, ਮਾਲਦਾ, ਢਾਕਾ ਅਤੇ ਧੂਬਰੀ (ਅਸਾਮ) ਵਰਗੀਆਂ ਥਾਵਾਂ ਦਾ ਰਟਨ ਕਰ ਰਹੇ ਸਨ। ਗੁਰੂ ਜੀ ਦਾ ਲੋਕਾਂ ਨਾਲ ਵਧਦਾ ਸਲੂਕ ਔਰੰਗਜੇਬ ਦੀ ਹਕੂਮਤ ਦੇ ਹੱਕ ਵਿੱਚ ਨਹੀਂ ਸੀ ਉਹਨਾਂ ਵਲੋਂ ਕੀਤੀਆਂ ਜਾ ਰਹੀਆਂ ਸਾਰੀਆਂ ਗਤੀਵਿਧੀਆਂ ਉੱਤੇ ਔਰੰਗਜੇਬ ਦੀ ਸਖ਼ਤ ਨਜ਼ਰ ਸੀ।ਗੁਰੂ ਜੀ ਦਾ ਲੋਕਾਂ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਉੱਤੇ ਪੈ ਰਹੇ ਪ੍ਰਭਾਵ ਨੂੰ ਘੱਟ ਕਰਨ ਲਈ 1670 ਈ. ਵਿੱਚ ਉਹਨਾਂ ਨੂੰ ਦਿੱਲੀ ਪਰਤਣ 'ਤੇ ਦੋ ਮਹੀਨੇ ਤੋਂ ਜ਼ਿਆਦਾ ਸਮੇਂ ਲਈ ਹਕੂਮਤ ਦੀ ਨਿਗਰਾਨੀ ਹੇਠ ਰੱਖਿਆ ਗਿਆ।ਸੰਨ 1673 ਈ. ਅਤੇ 1674 ਈ. ਵਿੱਚ ਗੁਰੂ ਤੇਗ਼ ਬਹਾਦਰ ਜੀ ਨੇ ਮਾਲਵੇ ਵਿੱਚ ਦੀਰਘ ਪ੍ਰਚਾਰ ਕਰਨ ਦਾ ਬੀੜਾ ਚੁੱਕਿਆ।ਇਹਨਾਂ ਪ੍ਰਚਾਰ ਫੇਰੀਆਂ ਦੌਰਾਨ ਉਹਨਾਂ ਨੇ ਲੋਕਾਈ ਨੂੰ ਕਰਮ-ਕਾਂਡੀ ਜੀਵਨ ਨੂੰ ਤਿਆਗਣ ਅਤੇ ਨਾਮ ਜਪਣ ਦੀ ਪ੍ਰੇਰਣਾ ਦਿੱਤੀ ਅਤੇ ਮਨੁੱਖਤਾ ਨੂੰ ਨਿਡਰ ਰਹਿ ਕੇ ਅਣਖ, ਹਿੰਮਤ ਅਤੇ ਇੱਜਤ ਨਾਲ ਸੁਤੰਤਰ ਜੀਵਨ ਜਿਉਣ ਦਾ ਸੁਨੇਹਾ ਦਿੱਤਾ।ਇਸ ਤਰ੍ਹਾਂ ਉਹਨਾਂ ਨੇ ਲੋਕਾਂ ਨੂੰ ਔਖੇ ਵਕਤ ਹਿੰਮਤ ਅਤੇ ਸੂਝ ਨਾਲ ਟਾਕਰਾ ਕਰਨ ਲਈ ਹੌਂਸਲਾ ਵਧਾਇਆ।ਇਹ ਉਹਨਾਂ ਦਾ ਔਰੰਗਜੇਬ ਵਲੋਂ ਪਰਜਾ ਨੂੰ ਤੰਗ ਕਰਨ ਦੀ ਹਿੰਸਕ ਨੀਤੀ ਵਿਰੁੱਧ ਖਾਮੋਸ਼ ਪਰ ਯਕੀਨੀ ਰੋਸ ਸੀ।

ਅਬੂਜ਼ਫਰ ਮਹੁੱਈਉਦੀਨ ਮਹੁੰਮਦ ਔਰੰਗਜ਼ੇਬ ਇਕ ਕੱਟੜ ਸੁੰਨੀ ਮੁਸਲਮਾਨ ਸੀ।ਉਹ ਲੋਕਾਂ ਅੰਦਰ ਭੈਅ ਪੈਦਾ ਕਰਕੇ ਇਸਲਾਮ ਧਰਮ ਦੀ ਸਰਬਵਿਆਪਕ ਸਥਾਪਤੀ ਚਾਹੁੰਦਾ ਸੀ।ਇਸ ਇੱਛਾ ਪੂਰਤੀ ਲਈ ਉਸਨੇ ਹਰ ਤਰ੍ਹਾਂ ਦੇ ਤਸ਼ਦੱਦ ਅਤੇ ਦੰਡ ਦੀ ਵਰਤੋਂ ਕੀਤੀ। ਉਸਨੇ ਹਿੰਦੂਆਂ ਉੱਤੇ ਜਜੀਆ ਆਦਿ ਟੈਕਸ ਲਗਾ ਦਿੱਤੇ।ਆਪਣੀ ਦਮਨਕਾਰੀ ਨੀਤੀ ਅਧੀਨ 1671 ਈ: ਵਿੱਚ ਇਫਤਿਖਾਰ ਖਾਨ ਨੂੰ ਸੂਬਾ ਕਸ਼ਮੀਰ ਦਾ ਸੂਬੇਦਾਰ ਨਿਯੁਕਤ ਕੀਤਾ ਅਤੇ ਉਸ ਨੂੰ ਸ਼ੇਰੇ ਅਫ਼ਗਾਨ ਦਾ ਖ਼ਿਤਾਬ ਦਿੱਤਾ। ਇਹ ਸੂਬੇਦਾਰ ਔਰੰਗਜੇਬ ਦੀ ਨੀਤ ਵਾਂਗ ਕੱਟੜ ਜਨੂੰਨੀ ਤੇ ਬੇਰਹਿਮ ਸੁਭਾਅ ਦਾ ਮਾਲਕ ਸੀ।ਇਸਨੇ ਕਸ਼ਮੀਰੀ ਪੰਡਤਾਂ ਉਤੇ ਅਤਿਅੰਤ ਜ਼ੁਲਮ ਢਾਇਆ।ਉਸਨੇ ਇਥੇ ਵਸਦੇ ਬ੍ਰਹਾਮਣ ਜੋ ਹਿੰਦੂ ਕੌਮ ਦੇ ਆਗੂ ਸਮਝੇ ਜਾਂਦੇ ਸਨ।ਉਹਨਾਂ ਨੂੰ ਤਸ਼ਦੱਦੀ ਵਰਤਾਰੇ ਅਧੀਨ ਮੁਸਲਮਾਨ ਬਣਾਉਣ ਦੇ ਉਪਰਾਲੇ ਕੀਤੇ ਗਏ ਤਾਂ ਕਿ ਇਹਨਾਂ ਜ਼ਰੀਏ ਹਿੰਦੂ ਕੌਮ ਨੂੰ ਇਸਲਾਮ ਧਰਮ ਦੇ ਝੰਡੇ ਹੇਠ ਲਿਆਇਆ ਜਾ ਸਕੇ।ਕਸ਼ਮੀਰ ਦੇ ਹਿੰਦੂ ਭਾਈਚਾਰੇ ਨੂੰ ਜਲੀਲ ਕਰਨ ਵਾਸਤੇ ਉਸਨੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਕੀਤੀ, ਜਨੇਊ ਤੋੜ ਕੇ ਟਿੱਕੇ ਸਾਫ਼ ਕੀਤੇ।ਗਾਂ ਦਾ ਮਾਸ ਖਾਣ ਲਈ ਧੱਕੇਸ਼ਾਹੀ ਕੀਤੀ ਗਈ।ਧੀਆਂ ਭੈਣਾਂ ਨਾਲ ਬਦਸਲੂਕੀ ਹੋਈ।ਇਫਤਿਖਾਰ ਖਾਨ ਦੇ ਜੁਲਮ ਅਧੀਨ ਕਈ ਹਿੰਦੂ ਪਰਿਵਾਰ ਮੁਸਲਮਾਨ ਬਣ ਗਏ।ਕਈ ਪਰਿਵਾਰ ਇਸ ਕਹਿਰ ਦੇ ਅੰਤ ਲਈ ਕਿਸੇ ਦੈਵੀ ਸ਼ਕਤੀ ਦੇ ਚਮਤਕਾਰ ਦੀ ਆਸ ਵਿੱਚ ਸਨ।ਇਹਨਾਂ ਸੰਕਟਮਈ ਹਲਾਤਾਂ ਵਿੱਚ ਪੰਡਤਾ ਨੂੰ ਗੁਰੂ ਤੇਗ਼ ਬਹਾਦਰ ਜੀ ਦੀ ਵਿਚਾਰਧਾਰਾ ਕਾਰਨ ਗੁਰੂ ਦਰਬਾਰ ਦਾ ਰਾਹ ਦਿਖਾਈ ਦਿੱਤਾ।ਪ੍ਰਚਾਰ ਫੇਰੀਆਂ ਦੌਰਾਨ ਗੁਰੂ ਜੀ ਨੇ ਲੋਕਾਂ ਨੂੰ ਨਾ ਕਿਸੇ ਤੋਂ ਡਰਨ ਅਤੇ ਨਾ ਕਿਸੇ ਨੂੰ ਡਰਾਉਣ ਦਾ ਵਿਚਾਰ ਬੜੀ ਦ੍ਰਿੜਤਾ ਨਾਲ ਪ੍ਰਚਾਰਿਆ ਸੀ ਅਤੇ ਲੋਕਾਂ ਨੂੰ ਨਿਰਾਸ਼ਾਜਨਕ ਪ੍ਰਸਥਿਤੀਆਂ ਵਿੱਚ ਚੜ੍ਹਦੀ ਕਲਾ ਵਿੱਚ ਰਹਿਣ ਦੇ ਭਰਪੂਰ ਯਤਨ ਕੀਤੇ ਸਨ।ਇਹਨਾਂ ਯਤਨਾਂ ਸਦਕਾ ਕੁਝ ਹਿੰਦੂ ਪਰਿਵਾਰ ਗੁਰੂ ਘਰ ਨਾਲ ਜੁੜ ਗਏ।ਸ੍ਰੀ ਰਮੇਸ਼ ਬੱਗਾ ਚੋਹਲਾ ਅਨੁਸਾਰ;

"ਕਸ਼ਮੀਰੀ ਪੰਡਤ ਬ੍ਰਹਮਦਾਸ ਦੇ ਖਾਨਦਾਨ ਵਿੱਚ ਇਕ ਪੰਡਤ ਕਿਰਪਾ ਰਾਮ ਪੈਦਾ ਹੋਇਆ ਜੋ ਬਚਪਣ ਤੋਂ ਹੀ ਗੁਰੂ ਘਰ ਆਉਂਦਾ। 1675 ਈ. ਵਿੱਚ ਉਹ ਕਸ਼ਮੀਰੀ ਪੰਡਤਾਂ ਨੂੰ ਲੈ ਕੇ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਆ ਗਿਆ।"7

ਦੁਖੀ ਹਿਰਦੇ ਨਾਲ ਕਸ਼ਮੀਰੀ ਪੰਡਤਾਂ ਨੇ ਆਪਣੀ ਦਰਦ ਭਰੀ ਵਿਥਿਆ ਸੁਣਾਈ। ਔਰੰਗਜੇਬ ਦੇ ਇਹਨਾਂ ਅਤਿਆਚਾਰਾਂ ਦਾ ਅਸਰ ਮੁਗਲ ਸਾਮਰਾਜ ਦੇ ਹੋਰਨਾਂ ਹਿੱਸਿਆਂ ਵਿੱਚ ਮਹਿਸੂਸ ਕੀਤਾ ਗਿਆ। ਗੁਰੂ ਜੀ ਨੇ ਜ਼ਮੀਰ (ਆਤਮਾਂ) ਦੀ ਆਜ਼ਾਦੀ ਦੀ ਰੱਖਿਆ ਦਾ ਫੈਸਲਾ ਕੀਤਾ ਜਿਸਨੂੰ ਔਰੰਗਜ਼ੇਬ ਅਸੂਲੀ ਅਤੇ ਅਮਲੀ ਤੌਰ 'ਤੇ ਖ਼ਤਮ ਕਰ ਰਿਹਾ ਸੀ ਸ਼ਹਿਨਸ਼ਾਹ ਨੂੰ ਮਿਲਣ ਤੋਂ ਪਹਿਲਾਂ ਹੀ ਗੁਰੂ ਜੀ ਨੂੰ ਨਜ਼ਰਬੰਦ ਰੱਖਿਆ ਗਿਆ। ਉਹਨਾਂ ਨੂੰ ਰੱਬ ਨੂੰ ਪਹੁੰਚੇ ਹੋਣ ਸਦਕਾ ਕਰਾਮਾਤ ਵਿਖਾਉਣ ਲਈ ਕਿਹਾ ਗਿਆ।ਗੁਰੂ ਜੀ ਨੇ ਨਾ ਕਰ ਦਿੱਤੀ।ਨਾਹ ਕਰਨ ਦੀ ਸੂਰਤ ਵਿੱਚ ਉਹਨਾਂ ਨੂੰ ਇਸਲਾਮ ਕਬੂਲ ਕਰਨ ਲਈ ਆਖਿਆ ਗਿਆ ਫਿਰ ਉਹਨਾਂ ਨੇ ਇਨਕਾਰ ਕੀਤਾ ਗਿਆ।ਗੁਰੂ ਤੇਗ਼ ਬਹਾਦਰ ਜੀ ਦਾ ਹੱਠ ਤੋੜਣ ਲਈ ਉਹਨਾਂ ਦੇ ਸਾਹਮਣੇ ਔਰੰਗਜੇਬ ਦੇ ਹੁਕਮਾਂ ਅਧੀਨ ਤਿੰਨ ਸਿੱਦਕੀ ਸਿੱਖਾਂ ਨੂੰ ਖੌਫਨਾਕ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।ਡਾ. ਦੀਵਾਨ ਸਿੰਘ ਲਿਖਦਾ ਹੈ;

"ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ ਅਤੇ ਭਾਈ ਦਿਆਲ ਦਾਸ ਨੂੰ ਉਬਲਦੀ ਦੇਗ ਵਿੱਚ ਅੁਬਾਲ ਕੇ ਸ਼ਹੀਦ ਕੀਤਾ ਗਿਆ ਮਤੀ ਦਾਸ ਦੇ ਛੋਟੇ- ਛੋਟੇ ਟੋਟੇ ਕੀਤੇ ਗਏ"8

ਗੁਰੂ ਸਾਹਿਬਾਨ ਨੂੰ ਕੋਈ ਵੀ ਤਸ਼ੱਦਦੀ ਕੋਸ਼ਿਸ਼ ਮੁਗਲਾਂ ਅੱਗੇ ਝੁਕਾਅ ਨਾ ਸਕੀ। ਅੰਤ ਕਾਜੀ ਵਲੋਂ ਜਾਰੀ ਫਤਵੇ ਅਨੁਸਾਰ 11 ਨਵੰਬਰ, 1675 ਈ. ਵਿੱਚ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਕੋਤਵਾਲੀ ਬੋਹੜ ਹੇਠਾਂ ਸੀਸ ਧੜ ਨਾਲੋਂ ਅਲੱਗ ਕਰਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸ਼ਹੀਦੀ ਸਮਾਣਾ ਦੇ ਰਹਿਣ ਵਾਲੇ ਜਲਾਦ ਜਲਾਲੁੱਦੀਨ ਨੇ ਕਾਜੀ ਦੇ ਸੰਕੇਤ ਤੇ ਅਮਲ ਵਿੱਚ ਲਿਆਂਦੀ।ਲੱਖੀ ਸ਼ਾਹ ਵਣਜਾਰਾ ਨੇ ਗੁਰੂ ਜੀ ਦੇ ਧੜ ਦੇ ਸੰਸਕਾਰ ਲਈ ਆਪਣੇ ਘਰ ਨੂੰ ਅੱਗ ਲਾ ਦਿੱਤੀ ਅਤੇ ਭਾਈ ਜੈਤਾ ਜੀ ਗੁਰੂ ਜੀ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕੋਲ ਲੈ ਗਏ।ਗੁਰੂ ਜੀ ਦੇ ਸੀਸ ਦਾ ਅੰਤਿਮ ਸੰਸਕਾਰ ਗੁਰੂ ਗੋਬਿੰਦ ਸਿੰਘ ਜੀ ਨੇ ਅਪਣੇ ਹੱਥੀਂ ਕੀਤਾ।

ਸ਼ਾਇਦ ਹੀ ਦੁਨੀਆਂ ਦੀ ਕਿਸੇ ਹੋਰ ਕੌਮ ਦਾ ਅਜਿਹਾ ਲਹੂ ਭਿੱਜਿਆ, ਮਾਣਮੱਤੀਆਂ ਕੁਰਬਾਨੀਆਂ ਅਤੇ ਲਾਸਾਨੀ ਸ਼ਹੀਦੀਆਂ ਨਾਲ ਸੰਜੋਇਆ ਇਤਿਹਾਸ ਹੋਵੇ।ਪਰ ਨਿਰਾਸ਼ਾਜਨਕ ਗੱਲ ਇਹੈ ਕਿਹ ਵਰਤਮਾਨ ਸਮਾਜਕ, ਧਾਰਮਿਕ ਵਰਤਾਰਾ ਗੁਰੂ ਸਾਹਿਬਾਨ ਵਲੋਂ ਕੀਤੇ ਪਰਉਪਕਾਰਾਂ ਅਤੇ ਮਨੁੱਖੀ ਅਧਿਕਾਰਾਂ ਅਤੇ ਬਰਾਬਰਤਾ ਦੀਆਂ ਸਿੱਖਿਆਵਾਂ ਦੇ ਅਸਰ ਤੋਂ ਵਿੱਥ 'ਤੇ ਵਿਚਰ ਰਿਹਾ ਹੈ।ਧਾਰਮਿਕ ਕੱਟੜਤਾ ਵਿਸ਼ੇਸ਼ ਉੱਦਮਾਂ ਨਾਲ ਪੁਨਰਸੁਰਜੀਤ ਹੋਈ ਹੈ।ਇਸ ਕੱਟੜਤਾ ਨੂੰ ਮੱਧਮ ਪਾਉਣ ਲਈ ਗੁਰੂ ਜੀ ਦੀ ਵਿਚਾਰਧਾਰਾ ਉਤੇ ਵਿਚਾਰ ਚਰਚਾ ਅਜੋਕੇ ਸਮੇਂ ਦੀ ਵਿਸ਼ੇਸ਼ ਮੰਗ ਹੈ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

**ਹਵਾਲੇ:**


1. ਤਾਰਨ ਸਿੰਘ, *ਗੁਰੂ ਤੇਗ ਬਹਾਦਰ ਜੀਵਨ ਤੇ ਸਿੱਖਿਆ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1976, ਪੰਨਾ.30
2. ਬਿਕਰਮ ਸਿੰਘ ਘੁੰਮਣ, *ਜੀਵਨ ਫ਼ਲਸਫ਼ਾ: ਗੁਰੂ ਤੇਗ ਬਹਾਦਰ,* ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1988, ਪੰਨਾ.11
3. ਸੰਪਾਦਕ, ਦੀਵਾਨ ਸਿੰਘ, *ਗੁਰੂ ਤੇਗ ਬਹਾਦਰ ਜੀਵਨ: ਚਿੰਤਨ ਕਲਾ ਤੇ ਬਾਣੀ* , ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 1976, ਪੰਨਾ.38
4. ਉਹੀ,ਪੰਨਾ.38
5. ਸੋਢੀ ਤੇਜਾ ਸਿੰਘ, *ਦਸ ਪਾਤਸ਼ਾਹੀਆਂ ਸੂਰਜ ਪ੍ਰਕਾਸ਼*, ਭਾ. ਚਤਰ ਸਿੰਘ ਜੀਵਨ ਸਿੰਘ,ਅਮ੍ਰਿਤਸਰ,2015 ਪੰਨਾ.337
6. (ਸੰਪਾਦਕ) ਦੀਵਾਨ ਸਿੰਘ, *ਗੁਰੂ ਤੇਗ ਬਹਾਦਰ ਜੀਵਨ: ਚਿੰਤਨ ਕਲਾ ਤੇ ਬਾਣੀ*, ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 1976, ਪੰਨਾ.12
7. (ਸੰਪਾਦਕ), ਸਿਮਰਜੀਤ ਕੌਰ, *ਗੁਰਮਤਿ ਪ੍ਰਕਾਸ਼,* ਜਿਲਦ 63,ਅੰਕ.9, ਧਰਮ ਪ੍ਰਚਾਰ ਕਮੇਟੀ,ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, 2019, ਪੰਨਾ.31
8. (ਸੰਪਾਦਕ),ਦੀਵਾਨ ਸਿੰਘ, *ਗੁਰੂ ਤੇਗ ਬਹਾਦਰ ਜੀਵਨ: ਚਿੰਤਨ ਕਲਾ ਤੇ ਬਾਣੀ* , ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 1976, ਪੰਨਾ.4



© Copyright @ Authors